# ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ

ਮੁਕੰਦਪੁਰ (ਸ਼.ਭ.ਸ.ਨਗਰ) 144507 (Pb.) India
(A Guru Nanak Dev University College)
Phone: +91 1823276221,Website: www.assmcollege.ac.in,Email: osd.mukandpur@gndu.ac.in


## ਸਾਲ 2025-26 ਵਾਸਤੇ (Extendable up to 30.06.2028) ਕਾਲਜ ਕੰਟੀਨ ਦੀ ਅਲਾਟਮੈਂਟ ਸਬੰਧੀ ਸ਼ਰਤਾਂ

**ਬਿਨੈਕਾਰਾਂ ਨੂੰ ਬੇਨਤੀ ਹੈ ਕਿ ਪਹਿਲਾਂ ਹੇਠ ਲਿਖੀਆਂ ਸ਼ਰਤਾਂ ਧਿਆਨ ਨਾਲ ਪੜ੍ਹ ਲੈਣ ਤਾਂ ਜੋ ਅਲਾਟਮੈਂਟ ਰਿਜੈਕਟ ਨਾ ਹੋਵੇ।**

1. ਕੰਟੀਨ ਦੀ ਅਲਾਟਮੈਂਟ ਲਈ ਉਹ ਹੀ ਵਿਅਕਤੀ ਬਿਨੈ-ਪੱਤਰ ਦੇ ਸਕਦਾ ਹੈ ਜਿਸ ਨੂੰ ਕਿਸੇ ਕੇਸ ਵਿੱਚ ਅਦਾਲਤ ਵਲੋਂ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੂੰ ਕਿਸੇ ਵਿਭਾਗ/ਸੰਸਥਾ ਵਲੋਂ debar/blacklist ਕੀਤਾ ਗਿਆ ਹੋਵੇ। Residence Proof (Adhaar Card) ਦੀ ਫ਼ੋਟੋ ਕਾਪੀ ਬਿਨੈ ਪੱਤਰ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ਅਤੇ ਬਿਨੈ-ਪੱਤਰ ਸੀਲ ਬੰਦ ਲਿਫ਼ਾਫ਼ੇ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ।
2. ਕੰਟੀਨ ਦੀ ਮੁੱਢਲੀ ਅਲਾਟਮੈਂਟ, ਅਲਾਟਮੈਂਟ ਦੀ ਮਿਤੀ ਤੋਂ 30.06.2026 ਤੱਕ ਲਈ ਹੋਵੇਗੀ ਅਤੇ ਠੇਕੇਦਾਰ ਦੇ ਕੰਮ ਅਤੇ ਵਿਵਹਾਰ ਨੂੰ ਮੁੱਖ ਰੱਖਦੇ ਹੋਏ ਅਗਲੇ 2 ਸਾਲਾ (Extendable upto 30.06.2028 ਤੱਕ) ਲਈ ਹਰ ਸਾਲ 5% ਕਿਰਾਏ ਵਿੱਚ ਵਾਧਾ ਕਰਦੇ ਹੋਏ ਅਲਾਟਮੈਂਟ ਦੀ ਮਿਆਦ ਵਿੱਚ ਵਾਧਾ ਕਰਨ ਜਾਂ ਨਾ ਕਰਨ ਦਾ ਅਧਿਕਾਰ ਕਾਲਜ/ਯੂਨੀਵਰਸਿਟੀ ਕੋਲ ਹੋਵੇਗਾ।
3. ਫ਼ਾਰਮ/ਬਿਨੈ-ਪੱਤਰ ਦੀ ਕੀਮਤ 2000/- ਰੁਪਏ ਕਾਲਜ ਨੂੰ ਜਮ੍ਹਾਂ ਕਰਵਾਉਣ ਉਪਰੰਤ ਕਾਲਜ ਤੋਂ ਪ੍ਰਾਪਤ ਕੀਤਾ ਜਾਵੇਗਾ।
4. ਕੰਟੀਨ ਅਲਾਟਮੈਂਟ ਸਮੇਂ ਜਿੰਨੀ ਰਕਮ ਕਿਰਾਏ ਦੀ ਪ੍ਰਤੀ ਮਹੀਨਾ ਤੈਅ ਹੋਵੇਗੀ, ਸੰਬੰਧਤ ਵਲੋਂ ਉਸ ਰਾਸ਼ੀ ਦਾ ਤਿੰਨ ਗੁਣਾਂ ਨਗਦ/ਡਰਾਫ਼ਟ ਬਤੌਰ ਸਕਿਊਰਟੀ ਕੰਟੀਨ ਦੀ ਅਲਾਟਮੈਂਟ ਹੋਣ ਸਮੇਂ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ, ਜੋ ਅਲਾਟਮੈਂਟ ਦੀ ਮਿਆਦ ਖਤਮ ਹੋਣ ਉਪਰੰਤ ਅਤੇ ਠੇਕੇਦਾਰ ਵਲੋਂ ਨੋ-ਡਿਊਜ਼ ਕਰਵਾਉਣ ਉਪਰੰਤ ਬਿਨਾ ਵਿਆਜ ਵਾਪਸੀ ਯੋਗ ਹੋਵੇਗਾ।
5. ਕੰਟੀਨ ਦਾ ਠੇਕੇਦਾਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ, ਨਿਯਮਾਂ ਅਨੁਸਾਰ GST ਅਤੇ ਪਾਣੀ ਦਾ ਕਿਰਾਇਆ 500/- ਰੁਪਏ ਪ੍ਰਤੀ ਮਹੀਨਾ ਅਲਾਟਮੈਂਟ ਸਮੇਂ ਹੀ ਜਮ੍ਹਾਂ ਕਰਵਾਏਗਾ ਅਤੇ ਅਗਲੇ 3 ਮਹੀਨਿਆਂ ਦਾ ਕੰਟੀਨ ਦਾ ਕਿਰਾਇਆ (ਸਮੇਤ GST) ਅਤੇ ਪਾਣੀ ਦਾ ਕਿਰਾਇਆ ਬਣਦੇ ਮਹੀਨੇ ਦੀ 01 ਤਾਰੀਖ ਤੱਕ ਹਰ ਹਾਲਤ ਵਿੱਚ ਜਮ੍ਹਾਂ ਕਰਵਾਏਗਾ। ਜੇਕਰ ਠੇਕੇਦਾਰ ਵਲੋਂ ਇਸ ਦਰਮਿਆਨ ਕਿਰਾਇਆ (ਸਮੇਤ GST ) ਅਤੇ ਪਾਣੀ ਦਾ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਉਸਨੂੰ ਕਿਰਾਇਆ (ਸਮੇਤ GST) 10% Penalty ਬਣਦੇ ਮਹੀਨੇ ਦੀ 30 ਤਾਰੀਖ ਤੱਕ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਜੇਕਰ ਠੇਕੇਦਾਰ ਵਲੋਂ ਫਿਰ ਵੀ ਕਿਰਾਇਆ (ਸਮੇਤ GST) ਬਣਦੇ ਮਹੀਨੇ ਦੀ 30 ਤਾਰੀਖ ਤੱਕ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਉਸ ਦਾ ਠੇਕਾ ਰੱਦ ਕਰਨ ਅਤੇ ਜ਼ਮਾਨਤੀ ਰਕਮ ਜ਼ਬਤ ਕਰਨ ਦਾ ਅਧਿਕਾਰ ਕਾਲਜ/ਯੂਨੀਵਰਸਿਟੀ ਕੋਲ ਹੋਵੇਗਾ। ਇਹੀ ਸ਼ਰਤ ਅਗਲੀਆਂ ਤਿਮਾਹੀਆਂ ਦੇ ਕਿਰਾਏ ਆਦਿ ਤੇ ਲਾਗੂ ਹੋਵੇਗਾ।
6. ਕੰਟੀਨ ਵਿੱਚ ਬਿਜਲੀ ਦਾ ਸਬਮੀਟਰ ਮੀਟਰ ਲੱਗਿਆ ਹੋਇਆ ਹੈ ਅਤੇ ਠੇਕੇਦਾਰ ਵਲੋਂ ਸਬਮੀਟਰ ਅਨੁਸਾਰ ਖਪਤ ਹੋਈਆਂ ਯੂਨੀਟ ਦੇ ਹਿਸਾਬ ਨਾਲ ਹਰ ਮਹੀਨੇ ਦੀ 10 ਤਾਰੀਖ ਤੱਕ ਬਿਜਲੀ ਦਾ ਬਿੱਲ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ ਅਤੇ ਜੇਕਰ ਖਪਤ ਹੋਈਆਂ ਯੂਨਿਟਾਂ ਦੇ ਖਰਚੇ ਦੀ ਰਾਸ਼ੀ 376/- ਰੁਪਏ ਤੋਂ ਘੱਟ ਬਣਦੀ ਹੈ ਤਾਂ ਕੰਟੀਨ ਠੇਕੇਦਾਰ ਨੂੰ ਉਸ ਮਹੀਨੇ ਦਾ ਯੂਨੀਵਰਸਿਟੀ ਨਿਯਮਾਂ ਅਨੁਸਾਰ 376/- ਰੁਪਏ ਬਿਜਲੀ ਦੇ ਬਿੱਲ ਦਾ ਖਰਚਾ ਜਮ੍ਹਾਂ ਕਰਵਾਉਣਾ ਹੋਵੇਗਾ। ਉਪਰੋਕਤ ਬਿਜਲੀ ਦਾ ਬਿੱਲ 10 ਤਾਰੀਖ ਤੋਂ ਬਾਅਦ 30 ਤਾਰੀਖ ਤੱਕ 20/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਹੋਵੇਗਾ। ਜੇਕਰ ਕੰਟੀਨ ਠੇਕੇਦਾਰ 30 ਤਾਰੀਖ ਤੱਕ ਬਿਜਲੀ ਦਾ ਬਿੱਲ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸਦਾ ਠੇਕਾ ਰੱਦ ਹੋ ਜਾਵੇਗਾ ਅਤੇ ਜ਼ਮਾਨਤੀ ਰਕਮ ਜ਼ਬਤ ਕਰਨ ਦਾ ਅਧਿਕਾਰ ਕਾਲਜ/ਯੂਨੀਵਰਸਿਟੀ ਕੋਲ ਹੋਵੇਗਾ।
7. ਜੇਕਰ ਕਿਸੇ ਕਾਰਨ ਕਰਕੇ ਕੰਟੀਨ ਦੀ ਅਲਾਟਮੈਂਟ ਰਹਿ ਜਾਂਦੀ ਹੈ ਤਾਂ ਮੁੜ ਅਲਾਟਮੈਂਟ ਕਰਨ ਦਾ ਅਧਿਕਾਰ ਕਾਲਜ/ਯੂਨੀਵਰਸਿਟੀ ਕੋਲ ਹੋਵੇਗਾ।

ਚੱਲਦਾ ਪੰਨਾ

ਪ੍ਰਿੰਸੀਪਲ
ਏ.ਐੱਸ.ਐੱਸ.ਐੱਮ. ਕਾਲਜ, ਮੁਕੰਦਪੁਰ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
(ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ)

C-03


# ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ

ਮੁਕੰਦਪੁਰ (ਸ.ਭ.ਸ.ਨਗਰ) 144507 (Pb.) India

(A Guru Nanak Dev University College)

Phone: +91 1823276221,Website: www.asmcollege.ac.in,Email: osd.mukandpur@gndu.ac.in


8. ਕੰਟੀਨ ਦੀ ਅਲਾਟਮੈਂਟ ਹੋਣ ਉਪਰੰਤ ਜੇਕਰ ਕੋਈ ਠੇਕੇਦਾਰ ਕੰਟੀਨ ਨਿਰਧਾਰਤ ਮਿਤੀ ਤੋਂ ਪਹਿਲਾਂ ਛੱਡਣੀ ਚਾਹੇ ਤਾਂ ਉਸ ਵਲੋਂ ਕਾਲਜ ਨੂੰ ਦੋ ਮਹੀਨੇ ਦਾ ਅਗਾਊਂ ਨੋਟਿਸ ਦੇਣਾ ਜ਼ਰੂਰੀ ਹੋਵੇਗਾ ਅਤੇ ਜੇਕਰ ਉਸ ਵਲੋਂ ਅਗਾਊਂ ਨੋਟਿਸ ਦੇਣ ਤੋਂ ਬਗੈਰ ਕੰਟੀਨ ਛੱਡੀ ਜਾਂਦੀ ਹੈ ਤਾਂ ਉਸ ਵਲੋਂ ਜਮ੍ਹਾਂ ਕਰਵਾਈ ਗਈ ਜ਼ਮਾਨਤੀ ਰਕਮ ਜ਼ਬਤ ਕਰ ਲਈ ਜਾਵੇਗੀ।
9. ਕੰਟੀਨ ਦਾ ਠੇਕਾ ਲੈਣ ਲਈ ਠੇਕੇਦਾਰ ਵਲੋਂ Food Safety and standards Authority of India ਵਲੋਂ ਨਿਰਧਾਰਤ Valid FSSAI Licence ਕੰਟੀਨ ਦੀ ਅਲਾਟਮੈਂਟ ਹੋਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣਾ ਜ਼ਰੂਰੀ ਹੋਵੇਗਾ।
10. ਕਾਲਜ ਕੰਟੀਨ ਦਾ ਠੇਕੇਦਾਰ ਕਿਰਾਏ, ਬਿਜਲੀ, ਪਾਣੀ ਦੇ ਕਿਰਾਏ ਤੋਂ ਇਲਾਵਾ ਨਿਯਮਾਂ ਅਨੁਸਾਰ GST ਅਤੇ ਹੋਰ ਸਮੇਂ-ਸਮੇਂ ਤੇ ਸਰਕਾਰ ਵਲੋਂ ਲਗਾਏ ਜਾਣ ਵਾਲੇ ਟੈਕਸ ਦੇਣ ਦੇ ਪਾਬੰਦ ਹੋਣਗੇ।
11. ਕੰਟੀਨ ਦੇ ਠੇਕੇਦਾਰ ਵਲੋਂ ਕੰਟੀਨ ਵਿੱਚ ਵਰਤਿਆ ਜਾਣ ਵਾਲਾ Furniture ਕਾਲਜ ਵਲੋਂ ਮੁਹੱਈਆ ਕੀਤਾ ਜਾਵੇਗਾ, ਪਰੰਤੂ ਇਸ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ। ਜਦੋਂ ਕੰਟੀਨ ਠੇਕੇਦਾਰ ਕੰਟੀਨ ਛੱਡੇਗਾ ਉਸ ਸਮੇਂ ਜਿਸ ਹਾਲਤ ਵਿੱਚ ਫਰਨੀਚਰ ਪ੍ਰਾਪਤ ਕੀਤਾ ਗਿਆ ਹੋਵੇਗਾ, ਉਸ ਹਾਲਤ ਵਿੱਚ ਹੀ ਵਾਪਸ ਕਰਨਾ ਪਵੇਗਾ।
12. ਕੰਟੀਨ ਦੇ ਠੇਕੇਦਾਰ ਵਲੋਂ ਕਾਲਜ ਸੰਪਤੀ ਦੀ ਦੁਰਵਰਤੋਂ ਕਰਨ ਜਾਂ ਉਸਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੇ ਉਸਦੀ ਭਰਪਾਈ ਸਬੰਧਤ ਠੇਕੇਦਾਰ ਵਲੋਂ ਕੀਤੀ ਜਾਵੇਗੀ।
13. ਕੰਟੀਨ ਵਿੱਚ ਮਿੱਟੀ ਦਾ ਤੇਲ, ਲੱਕੜ ਅਤੇ ਕੋਲੇ ਦਾ ਇਸਤੇਮਾਲ ਨਹੀਂ ਕੀਤਾ ਜਾਵੇਗਾ।
14. ਕੰਟੀਨ ਵਿੱਚ ਕੰਮ ਕਰਨ ਵਾਲੇ ਸਰਵਿਸ ਸਟਾਫ਼ ਦੀ ਉਮਰ 14 ਸਾਲਾ ਤੋਂ ਘੱਟ ਨਹੀਂ ਹੋਣੀ ਚਾਹੀਦੀ। ਕੰਟੀਨ ਵਿੱਚ ਕੰਮ ਕਰਨ ਵਾਲੇ ਕਰਮਚਾਰੀ ਦੀ ਸੇਫ਼ਟੀ ਕੰਟੀਨ ਠੇਕੇਦਾਰ ਦੀ ਹੋਵੇਗੀ। ਜੇਕਰ ਕੰਟੀਨ ਦੇ ਕਿਸੇ ਕਰਮਚਾਰੀ ਵਲੋਂ ਅਣਗਹਿਲੀ ਦੀ ਸੂਰਤ ਵਿੱਚ ਉਸ ਨਾਲ ਕੋਈ ਹਾਦਸਾ ਹੁੰਦਾ ਹੈ ਤਾਂ ਉਸਦੀ ਸਾਰੀ ਜ਼ਿੰਮੇਵਾਰੀ ਕੰਟੀਨ ਠੇਕੇਦਾਰ ਦੀ ਹੋਵੇਗੀ।
15. ਕੰਟੀਨ ਦੇ ਅਲਾਟੀ ਵਲੋਂ ਆਪਣੇ ਪੱਧਰ ਅਤੇ ਖਰਚੇ ਤੇ ਸਾਰੇ ਸਟਾਫ਼ ਦੇ ਸ਼ਨਾਖਤੀ ਕਾਰਡ ਬਣਵਾਏ ਜਾਣਗੇ।
16. ਕੰਟੀਨ ਦਾ ਸਾਰਾ ਸਟਾਫ਼ ਸਾਫ਼-ਸੁੱਥਰੇ ਕੱਪੜੇ ਪਾਵੇਗਾ ਅਤੇ ਆਪਣਾ ਸਿਰ ਨੂੰ ਢੱਕ ਕੇ ਰੱਖਣ ਅਤੇ ਹੱਥਾਂ ਦੀ ਸਫ਼ਾਈ ਵੱਲ ਧਿਆਨ ਦੇਣਗੇ।
17. ਕੰਟੀਨ ਦੇ ਅਲਾਟੀ ਚਾਹ ਪਾਣੀ ਆਦਿ ਲਈ ਥਰਮੋਕੋਲ ਅਤੇ ਪਲਾਸਟਿਕ ਦੇ ਗਲਾਸ/ਪਲੇਟਾਂ ਦੀ ਵਰਤੋਂ ਨਹੀਂ ਕਰਨਗੇ।
18. ਅਲਾਟੀ ਕੰਟੀਨ ਨੂੰ ਸਾਫ਼-ਸੁੱਥਰਾ ਰੱਖਣਗੇ, ਹਦਾਇਤਾਂ ਦੀ ਪਾਲਣਾ ਨਾ ਕਰਨ ਤੇ penalty ਪਾਈ ਜਾਵੇਗੀ।
19. ਕੰਟੀਨ ਅਲਾਟੀ ਸਾਰੀਆਂ ਵਸਤਾਂ ਮਿਆਰੀ ਰੱਖਣਗੇ ਅਤੇ ਕੰਟੀਨ ਵਿੱਚ ਵਿਕਣ ਵਾਲੀਆਂ ਵਸਤੂਆਂ ਦੀ Approved Rate List ਲਗਾਉਣਗੇ।
20. ਅਲਾਟੀ ਨੂੰ ਕੰਟੀਨ ਤੇ ਖੁੱਦ ਬੈਠਣਾ ਲਾਜ਼ਮੀ ਹੋਵੇਗਾ।
21. ਕੰਟੀਨ ਵਿਚ ਵਿਕਣ ਵਾਲੀਆਂ ਵਸਤੂਆਂ ਨੂੰ ਕਿਸੇ ਸਮੇਂ ਵੀ ਫੂਡ ਸੇਫ਼ਟੀ ਅਫ਼ਸਰ/ਕਮੇਟੀ ਜਾਂ ਸਮਰਥ ਅਧਿਕਾਰੀ ਵਲੋਂ ਚੈੱਕ ਕੀਤਾ ਜਾ ਸਕਦਾ ਹੈ।
22. ਕੰਟੀਨ ਦੇ ਠੇਕੇਦਾਰ ਨੂੰ ਇਸ ਨੂੰ ਅੱਗੇ Sublet ਕਰਨ ਦਾ ਅਧਿਕਾਰ ਨਹੀਂ ਹੋਵੇਗਾ।
23. ਕੰਟੀਨ ਠੇਕੇਦਾਰ ਨੂੰ 'ਬਗੈਰ ਕਾਰਨ ਦੱਸੇ' ਨੋਟਿਸ ਕਿਸੇ ਵੀ ਸਮੇਂ ਦਿੰਦੇ ਹੋਏ ਕੰਟੀਨ ਖਾਲੀ ਕਰਵਾਉਣ ਦਾ ਅਧਿਕਾਰ ਕਾਲਜ/ਯੂਨੀਵਰਸਿਟੀ ਕੋਲ ਹੋਵੇਗਾ।

ਨੋਟ: ਜਿਸ ਉਮੀਦਵਾਰ ਨੂੰ ਕੰਟੀਨ ਦੀ ਅਲਾਟਮੈਂਟ ਹੋਵੇਗੀ ਉਹ ਉਪਰੋਕਤ ਲਿਖੀਆਂ ਸ਼ਰਤਾਂ 100/- ਰੁਪਏ ਦੇ ਅਸ਼ਟਾਮ ਤੇ ਮੈਜਿਸਟ੍ਰੇਟ ਵਲੋਂ ਤਸਦੀਕਸ਼ੁਦਾ ਫੋਟੋ ਵਾਲਾ ਹਲਫ਼ੀਆ ਬਿਆਨ ਤਿਆਰ ਕਰਵਾ ਕੇ ਕਾਲਜ ਵਿੱਚ ਜਮ੍ਹਾਂ ਕਰਵਾਏਗਾ।

ਪ੍ਰਿੰਸੀਪਲ

ਅ.ਸ.ਸ.ਮ. ਕਾਲਜ, ਮੁਕੰਦਪੁਰ

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ